**International Research Journal of Humanities, Language and Literature**
Vol. 4, Issue 2, February 2017 Impact Factor- 5.401
ISSN: (2394-1642)
© Associated Asia Research Foundation (AARF) Publication
Website: www.aarf.asia Email : editor@aarf.asia , editoraarf@gmail.com

# ਕੇ. ਐਲ. ਗਰਗ ਦੀ ਵਾਰਤਕ ਕਲਾ

**ਜਸਪ੍ਰੀਤ ਕੌਰ**
*ਅਸਿਸਟੈਂਟ ਪ੍ਰੋਫ਼ੈਸਰ*
ਪੰਜਾਬੀ ਵਿਭਾਗ
ਖ਼ਾਲਸਾ ਕਾਲਜ ਫ਼ਾਰ ਵਿਮੈਨ
ਸਿਵਿਲ ਲਾਈਨਜ਼, ਲੁਧਿਆਣਾ।

ਕੇ.ਐਲ. ਗਰਗ ਪੰਜਾਬੀ ਸਾਹਿਤ ਦਾ ਇੱਕ ਸਥਾਪਿਤ ਗਲਪਕਾਰ ਅਤੇ ਵਿਅੰਗ ਲੇਖਕ ਹੈ। ਜ਼ਿੰਦਗੀ ਦੇ ਕਿਰਦਾਰਾਂ ਦੀ ਹੋਂਦ ਅਤੇ ਅਸਲੀਅਤ ਨੂੰ ਲੱਭਦਿਆਂ ਸ਼ਬਦ ਸਾਗਰ ਦੇ ਅਨੇਕਾਂ ਅਮੋਲਕ ਮੋਤੀ ਉਸ ਨੇ ਪਾਠਕ ਜਗਤ ਦੀ ਝੋਲੀ ਪਾਏ ਹਨ। ਕਦੇ ਜ਼ਿੰਦਗੀ ਦੀਆ ਤਲਖ ਹਕੀਕਤਾਂ ਨੂੰ ਹਾਸਿਆਂ ਦੇ ਘੁੰਗਰੂਆਂ ਵਿਚ ਪਰੋ ਕੇ ਪੇਸ਼ ਕਰਨਾ ਅਤੇ ਕਦੇ ਸੌਖੀ, ਸਰਲ ਅਤੇ ਸਾਧਾਰਨ ਜਿਹੀ ਗੱਲ ਵਿੱਚੋਂ ਜ਼ਿੰਦਗੀ ਦੀਆਂ ਡੂੰਘੀਆਂ ਰਮਜ਼ਾਂ ਦੇ ਅਰਥ ਲੱਭਣ ਦਾ ਵੱਲ ਉਸ ਨੂੰ ਭਲੀ ਭਾਂਤ ਆਉਂਦਾ ਹੈ। ਇਹ ਉਸ ਦੀ ਲਿਖਤ ਅਤੇ ਸਿੱਖਣ ਕਲਾ ਦਾ ਖ਼ਾਸਾ ਵੀ ਹੈ। ਹੱਥਲੇ ਖੋਜ ਪੇਪਰ ਵਿਚ ਉਸ ਦੀ ਵਾਰਤਕ ਕਲਾ ਨੂੰ ਕੇਂਦਰ ਵਿਚ ਰੱਖਦਿਆਂ ਇਸੇ ਨੁਕਤੇ ਉੱਪਰ ਆਪਣਾ ਧਿਆਨ ਕੇਂਦਰਿਤ ਕੀਤਾ ਹੈ। ਖੋਜ ਪੇਪਰ ਦੇ ਵਿਸ਼ੇ ਦੀ ਸੀਮਾਂ ਨੂੰ ਧਿਆਨ ਹਿੱਤ ਰੱਖਦਿਆਂ ਮੈਂ ਉਸ ਦੀਆਂ ਚੋਣਵੀਆਂ ਰਚਨਾਵਾਂ (ਨਾਵਲ ਤਮਾਸ਼ਾ, ਤਲਾਸ਼, ਹੁੰਮਸ, ਧਾਰਾਂ ਵਾਲਾ ਪੁਲ, ਦਰਅਸਲ, ਹਿਲਦੇ ਦੰਦ, ਆਖ਼ਰੀ ਪੱਤਾ) ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ।

ਕੇ.ਐਲ. ਗਰਗ ਦੀ ਲਿਖਣ ਕਲਾ ਦੀ ਵਿਲੱਖਣ ਵਿਸ਼ੇਸ਼ਤਾ ਇਹ ਹੈ ਕਿ ਉਸ ਦੀ ਲਿਖਤ ਦਾ ਪਲਾਟ ਕਦੇ ਵੀ ਸੋਚਿਆ ਸਮਝਿਆ ਨਹੀਂ ਹੁੰਦਾ। ਸੋਚੇ ਸਮਝੇ ਪਲਾਟ ਤਹਿਤ ਕੀਤੀ ਰਚਨਾ ਨੂੰ ਉਹ ਮੌਲਿਕ ਕਿਰਤ ਮੰਨਦਾ ਹੀ ਨਹੀਂ। "ਸਵੈ ਸੰਵਾਦ- ਮੇਰੀ ਨਾਵਲ ਨਿਗਾਰੀ" ਵਿਚ ਉਹ ਖੁਦ ਇਸ ਤੱਥ ਨੂੰ ਦੱਸਦਾ ਹੈ ਕਿ ਉਸ ਦੀਆਂ ਨਾਵਲ ਕਿਰਤਾਂ ਲਈ ਉਸ ਕੋਲ ਬੱਸ ਇਕ ਗੱਲ ਜਾਂ ਇਕ ਅੱਧ ਪਾਤਰ ਦੀ ਹੁੰਦਾ ਸੀ।

> "ਮੈਂ ਆਪਣੇ ਨਾਵਲ ਇੰਜ ਨਹੀਂ ਲਿਖੇ। ਨਾ ਹੀ ਮੈਂ ਕੋਈ ਸਮੱਗਰੀ ਤਿਆਰ ਕਰਦਾ ਹਾਂ। ਨਾ ਹੀ ਕੋਈ ਰੂਪ ਰੇਖਾ ਹੀ ਲਿਖਦਾ ਹਾਂ। ਮੇਰੇ ਕੋਲ ਤਾਂ ਮਹਿਜ ਇਕ ਗੱਲ, ਇਕ ਕੱਥ ਜਾਂ ਦਾਰਸ਼ਨਿਕ ਅਧਾਰ ਹੁੰਦਾ ਹੈ ਜਾਂ ਫਿਰ ਇਕ ਮੁੱਖ ਪਾਤਰ। ਪਾਤਰ ਤੇ ਕੱਚ ਹੱਥ ਫੜ ਕੇ ਤੁਰਨ ਲੱਗਦੇ ਹਨ ਤਾਂ ਲਾਕੀ ਦੇ ਲੋੜੀਂਦੇ ਲੋਕ ਆਪਣੇ ਆਪ ਨਾਵਲ ਮੇਲੇ ਵਿਚ ਰਲ ਕੇ ਆਪਣੇ ਰੋਲ ਨਿਭਾਉਣ ਲੱਗਦੇ ਹਨ। ਇਸ ਤਰ੍ਹਾਂ ਕਰਨ ਦਾ ਲਾਭ ਇਹ ਹੈ ਕਿ ਨਾਵਲ ਸਟੀਰੀਓ ਟਾਈਪ ਬਣਨ ਦੀ ਥਾਂ ਮੌਲਿਕ ਕਿਰਤ ਲੱਗਣ ਲੱਗਦਾ ਹੈ।"[1]

ਉਸ ਦਾ ਨਾਵਲ 'ਧਾਰਾਂ ਵਾਲਾ ਪੁਲ' ਵੀ ਇਸੇ ਤਰ੍ਹਾਂ ਹੀ ਰਚਿਆ ਹੋਇਆ ਹੈ। ਉਸ ਕੋਲ ਕੇਵਲ ਇਕ ਪਾਤਰ ਸੀ ਸ਼ੀਤੋ। ਜਿਸ ਬਾਰੇ ਉਸ ਨੇ 'ਧਾਰਾਂ ਵਾਲਾ ਪੁਲ ਕਿਵੇਂ ਬਣਿਆ' ਵਿਚ ਦਰਜ ਕੀਤਾ ਹੈ।

ਕੇ.ਐਲ. ਗਰਗ ਦਾ ਨਾਵਲ 'ਧਾਰਾਂ ਵਾਲਾ ਪੁਲ' ਵਿਰੋਧੀ ਸਥਿਤੀਆਂ ਵਿੱਚੋਂ ਉਪਜੇ ਦੁਖਾਂਤ ਨੂੰ ਚਿਤਰਦਾ ਹੈ। ਇੱਕ ਪਾਸੇ ਤਾਂ ਸ਼ੀਤੋ ਉਸ ਦਾ ਪਰਿਵਾਰ ਕਿਸ਼ਨੀ ਅਤੇ ਛੋਟੂ ਦੇ ਪਰਿਵਾਰ ਨਾਲ ਮੋਹ ਭਰੀ ਸਾਂਝ ਰੱਖਦਾ ਹੈ। ਫਿਰ ਵੀ ਉਸ ਦਾ ਸ਼ਹਿਰੀ ਕਾਮੀ ਜੀਜਾ ਸ਼ੀਤੋ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾ ਲੈਂਦਾ ਹੈ। ਦੂਜੇ ਪਾਸੇ ਗੁਰਦਿੱਤਾ ਆਪਣੇ ਪਰਿਵਾਰ ਸਮੇਤ ਗੁਰਦਾਸਪੁਰ ਰਹਿਣ ਗੱਲ ਪੈਂਦਾ ਹੈ ਤੇ ਪਿੱਡੋਂ ਮੋਹ ਤੋੜ ਲੈਂਦਾ ਹੈ। ਇਸ ਸਭ ਨੂੰ ਘੁੰਮਣਘੇਰੀ ਵਿਚ ਵਿਚਾਰਾ ਛੋਟੂ ਫਸ ਕੇ ਰਹਿ ਜਾਂਦਾ ਹੈ। ਨਾ ਉਹ ਆਪਣੀ ਮਾ ਨੂੰ ਆਪਣੇ ਨਾਲ ਸ਼ਹਿਰ ਚੱਲਣ ਲਈ ਰਾਜ਼ੀ ਕਰ ਪਾਉਂਦਾ ਹੈ ਤੇ ਨਾ ਹੀ ਉਹ ਆਪ ਇਕੱਲਾ ਰਹਿ ਪਾਉਂਦਾ ਹੈ। ਉਹ ਕੇਵਲ ਇਸੇ ਦੁਚਿੱਤੀ ਵਿਚ ਹੀ ਨਹੀਂ ਬਲਕਿ ਇਸ ਪੱਖੋਂ ਵੀ ਦਵੈਤ ਵਿਚ ਹੈ ਕਿ ਉਸ ਦਾ ਤੇ ਸ਼ੀਤੋ ਦਾ ਆਪਸ ਵਿਚ ਰਿਸ਼ਤਾ ਕੀ ਹੈ? ਅਸਿੱਧੇ ਰੂਪ ਵਿਚ ਉਸ ਦਾ ਇਹ ਨਾਵਲ ਰਿਸ਼ਤਿਆਂ ਦੀ ਗੁੰਝਲਦਾਰ ਤਾਣੀ ਨੂੰ ਸੁਲਝਾਉਣ ਵੱਲ ਹੀ ਰੁਚਿਤ ਹੈ। ਇਸ ਨਾਵਲ ਵਿਚ ਇਹ ਰਿਸ਼ਤੇ ਆਪਣੀਆਂ ਜੜ੍ਹਾਂ ਨੂੰ ਲੱਭਦੇ ਦਿਖਾਈ ਦੇ ਰਹੇ ਹਨ। ਇੱਥੇ ਹੀ ਬੱਸ ਨਹੀਂ ਬਲਕਿ ਸ਼ੀਤੋ ਖੁਦ ਆਪ ਦੁਚਿੱਤੀ ਵਿਚ ਹੈ। ਬਾਹਰੋਂ ਤਾਂ ਉਹ ਮੁੰਡਿਆ ਵਾਂਗ ਅੱਖੜਖਾਂਦ, ਅਲਬੇਲੇ ਸੁਭਾਅ ਦਾ ਪ੍ਰਗਟਾਵਾ ਕਰਦੀ ਹੈ ਪਰ ਅੰਦਰੋਂ ਉਹਦਾ ਵਜੂਦ ਆਪਣੇ ਕੁੜੀ ਹੋਣ ਤੇ ਸਵਾਲੀਆ ਚਿੰਨ੍ਹ ਲਗਾਉਂਦਾ ਹੈ। ਵਰਤਮਾਨ ਤੋਂ ਅਤੀਤ ਅਤੇ ਮੁੜ ਵਰਤਮਾਨ ਵਿਚ ਫੇਰਾ ਪਾਉਂਦਾ ਹੋਇਆ ਮੈਂ ਪਾਤਰ ਕੋਲੋਂ ਆਂਤਰਿਕ ਮਨਬਚਨੀ ਰਾਹੀਂ ਅਤੀਤ ਵੱਲ ਮੁੜਨ ਦੀ ਚਾਹਨਾ ਪ੍ਰਗਟ ਕਰਦਾ ਹੈ। ਇੱਥੇ ਅਤੀਤ ਤੋਂ ਭਾਵ ਆਪਣੀਆਂ ਭੁੱਲ ਚੁੱਕੀਆਂ ਕਦਰਾਂ ਕੀਮਤਾਂ, ਸੰਯੁਕਤ ਪਰਿਵਾਰਾਂ

’ਚੋਂ ਹੈ। ਕੇ.ਐਲ. ਗਰਗ ਨੇ ਆਪਣੇ ਹੋਰਨਾਂ ਨਾਵਲਾਂ ਵਿਚ ਵੀ ਅਚੇਤ/ਸੁਚੇਤ ਤੌਰ ’ਤੇ ਪਾਠਕਾਂ ਨੂੰ ਆਪਣੇ ਵਿਰਸੇ ਨਾਲ, ਆਪਣੀਆ ਜੜ੍ਹਾਂ ਨਾਲ ਜੁੜੇ ਰਹਿਣ ਦੀ ਪ੍ਰਤੱਖ/ਅਪ੍ਰਤੱਖ ਲੋੜ ਨੂੰ ਜਾਹਰ ਕੀਤਾ ਹੈ। ‘ਹੁੰਮਸ’ ਨਾਵਲ ਭਾਵੇਂ ਮਜ਼ਦੂਰ-ਸੰਘਵਾਦ ਦੇ ਦੁਖਾਂਤ ਨੂੰ ਪੇਸ਼ ਕਰਦਾ ਨਾਵਲ ਹੈ ਪਰ ਇੱਥੇ ਵੀ ਲੇਖਕ ਦੀ ਜੜ੍ਹਾਂ ਨਾਲ ਜੁੜੇ ਰਹਿਣ, ਸੰਯੁਕਤ ਹੋ ਕੇ, ਇਕਮੁੱਠ ਹੋ ਕੇ ਰਹਿਣ ਦੀ ਸੋਚ ਵੀ ਨਾਲ ਨਾਲ ਚੱਲਦੀ ਹੈ। ਜਿਵੇਂ-

> “ਮਜ਼ਾਕ ਤਾਂ ਤੁਸੀਂ ਆਪ ਹੀ ਸਾਰੇ ਬਣ ਗਏ ਓ- ਇਕੋ ਕਾਜ਼ ਲਈ ਇੰਨੇ ਧੜਿਆਂ ਦੀ ਕੀ ਲੋੜ ਐ- ਜੇ ਤੁਸੀਂ ਇਕੋ ਗੱਲ ਲਈ ਜੱਦੋ-ਜਹਿਦ ਕਰ ਰਹੇ ਓ ਤਾਂ ਇਕਮੁੱਠ ਹੋ ਕੇ ਕਿਉਂ ਨਹੀਂ ਲੜਦੇ। ਵੰਡੀਆਂ ਕਾਹਦੀਆਂ ਪਾਈਆਂ ਹੋਈਆਂ। ਕੁਰਸੀਆਂ ਲਈ, ਤਾਜ਼ਾ ਲਈ..... ਫੋਕੀ ਸ਼ੋਹਰਤ ਲਈ?”[2]

‘ਹਿੱਲਦੇ ਦੰਦ’ ਨਾਵਲ ਵਿਚ ਵੀ ਜਦੋਂ ਕੁਲਵਿੰਦਰ ਉਰਫ ਕੱਲੋ ਆਪਣੀ ਬੇਬੇ ਨੂੰ ਜ਼ਮੀਨ ਆਪਣੇ ਚਾਚੇ ਕਿਆਂ ਨੂੰ ਦੇਣ ਲਈ ਕਹਿੰਦੀ ਹੈ ਤਾਂ ਇਸ ਪਿੱਛੇ ਵੀ ਲੇਖਕ ਦੀ ਇਹੋ ਭਾਵਨਾ ਕਾਰਜ ਕਰਦੀ ਹੈ।

> “ਫੇਰ ਵੀ ਬੇਬੇ ਆਪਣੇ ਆਪਣੇ ਈ ਹੁੰਦੇ ਐ। ਆਪਣਾ ਸਿੱਟੂ ਵੀ ਤਾਂ ਛਾਂਵੇਂ ਈ ਸਿੱਟੂ। ਤੂੰ ਵੀ ਪੈਸਿਆ ਦੀ ਲੋਭਣ ਹੋਗੀ ਲੱਗਦੀ ਆਂ। ਕੱਲੋ ਨੇ ਆਖਿਆ।”[3]

ਕੇ.ਐਲ. ਗਰਗ ਦੀ ਲਿਖਤ ਕਲਾ ਦੀ ਇਕ ਹੋਰ ਵਿਲੱਖਣ ਵਿਸ਼ੇਸ਼ਤਾ ਇਹ ਹੈ ਕਿ ਉਹ ਆਪਣੇ ਨਾਵਲਾਂ ਵਿਚ ਔਰਤਾਂ ਨੂੰ ਸਸ਼ਕਤ ਕਰਨ ਦੀ ਗੱਲ ਜ਼ਰੂਰ ਕਰਦਾ ਹੈ। ‘ਹੁੰਮਸ’ ਵਿਚ ਉਹ ਔਰਤਾਂ ਦੀ ਦੁਰਦਸ਼ਾ ਹੁੰਦੀ ਦਿਖਾਉਂਦਾ ਹੈ, ‘ਤਲਾਸ਼’ ਵਿਚ ‘ਕਮਲਾ’ ਦੇ ਕਿਰਦਾਰ ਰਾਹੀਂ ਉਸ ਨੇ ‘ਸੂਰਤ’ ਤੇ ‘ਸੀਰਤ’ ਵਿਚਕਾਰਲਾ ਫਰਕ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ, ‘ਧਾਰਾਂ ਵਾਲਾ ਪੁਲ’ ਵਿਚ ਸ਼ੀਤੋ ਵਾਂਗ ਅੜਵੈੜ ਜਿਹੀ ਕੁੜੀ ਦੇ ਕਿਰਦਾਰ ਰਾਹੀਂ, ‘ਦਰਅਸਲ’ ਵਿਚ ‘ਰਾਣੋ’ ਦੇ ਕਿਰਦਾਰ ਰਾਹੀਂ, ‘ਹਿੱਲਦੇ ਦੰਦ’ ਵਿਚ ‘ਕੱਲੋ’ ਅਤੇ ‘ਦੇਬੋ’ ਦੇ ਕਿਰਦਾਰ ਰਾਹੀਂ ਔਰਤ ਮਨ ਦੀਆਂ ਅਤੇ ਉਸ ਦੇ ਸਮਾਜਿਕ ਰੁਤਬੇ ਦੀਆਂ ਕਈ ਤੈਹਾਂ ਨੂੰ ਫਰੋਲਣ ਦਾ ਯਤਨ ਕਰਦਾ ਹੈ। ਕੇ.ਐਲ. ਗਰਗ ਆਪਣੇ ਸਾਰੇ ਨਾਵਲਾਂ ਵਿਚ ਵਿੱਦਿਆ/ਸਿੱਖਿਆ ਦੇ ਪ੍ਰਸਾਰ ਰਾਹੀਂ ਔਰਤ ਨੂੰ ਸਸ਼ਕਤ ਕਰਨ ਵੱਲ ਰੁਚਿਤ ਰਿਹਾ ਹੈ। ਇਸੇ ਵਿੱਦਿਆ ਕਰਕੇ ਹੀ ਕਰੂਪ ‘ਕਮਲਾ’ ਆਪਣੀ ਅਤੇ ਆਪਣੇ ਬੱਚੇ ਦੀ

ਜ਼ਿੰਦਗੀ ਸੰਵਾਰਨ ਦੇ ਸਮਰੱਥ ਹੁੰਦੀ ਹੈ॥। ਇਸੇ ਕਰਕੇ ਹੀ ਰਾਣੋ ਆਪਣੇ ਪਿਤਾ ਬਲਬੀਰ ਖਿਲਾਫ਼ ਲੜਨ ਦੇ ਸਮਰੱਥ ਹੁੰਦੀ ਹੈ, ਕੱਲੋ ਅਤੇ ਦੇਬੋ ਹਿਲਦੇ ਦਰਦ ਕਰਦੇ ਰਿਸ਼ਤਿਆ ਨੂੰ ਪਰਾਂ ਸੁੱਟਣ ਦੇ ਸਮਰੱਥ ਹੁੰਦੀਆਂ ਹਨ। ਦੂਜੇ ਪਾਸੇ ਭਜਨੋ, ਸ਼ੀਤੋ ਸਭ ਕੁਝ ਜਾਣਦਿਆਂ ਹੋਣ ਦੇ ਬਾਵਜੂਦ ਵੀ ਉਸੇ ਗੁਲਾਮੀ ਦੀਆਂ ਜੰਜ਼ੀਰਾਂ ਨਾਲ ਬੱਝੀਆਂ ਰਹਿੰਦੀਆਂ ਹਨ ਅਤੇ ਇਸੇ ਕਰਕੇ ਦੇਸ ਰਾਜ ਦੀ ਪਤਨੀ ਸੀਤਾ ਉਸ ਨੂੰ ਛੱਡ ਕੇ ਡਰਾਈਵਰ ਨਾਲ ਭੱਜ ਜਾਂਦੀ ਹੈ। ਰਾਣੋ ਨੂੰ ਬੇਸ਼ੱਕ ਇਸ ਆਵਾਜ਼ ਬੁਲੰਦ ਕਾਰਨ ਆਪਣੀ ਜਾਨ ਤੋਂ ਹੱਥ ਜ਼ਰੂਰ ਧੋਣਾ ਪੈਂਦਾ ਹੈ ਪਰ ਮਰ ਕੇ ਵੀ ਉਸ ਦੀਆਂ ਗੱਲਾਂ ਉਹਦੇ ਜਿਉਂਦੇ ਪਿਤਾ ਨੂੰ ਮਰਿਆਂ ਸਮਾਨ ਕਰ ਦਿੰਦੀਆਂ ਹਨ।

ਲੇਖਕ ਆਪਣੀਆਂ ਰਚਨਾਵਾਂ ਵਿਚ ਪਾਤਰਾਂ ਦੀ ਵੀ ਵਿਵਧਤਾ ਰੱਖਦਾ ਹੈ। ਚਾਹੇ ਉਸ ਦੇ ਪਾਤਰ ਲਗਭਗ ਇਕੋ ਜਿਹੀਆਂ ਸਥਿਤੀਆਂ ਨੂੰ ਹੰਢਾ ਰਹੇ ਹੁੰਦੇ ਹਨ ਪਰ ਫਿਰ ਵੀ ਲੇਖਕ ਆਪਣੀ ਕਲਾ ਅਤੇ ਚੇਤਨਤਾ ਰਾਹੀਂ ਰਹੇਕ ਪਾਤਰ ਦਾ ਇਕ ਵੱਖਰਾ ਰੰਗ ਉਘਾੜਦਾ ਹੈ। ਕਿਧਰੇ ਸ਼ੀਤੋ ਫਿੱਕੇ ਰੰਗਾਂ ਨੂੰ ਹੰਢਾਉਣ ਨਾਲੋਂ ਮਰਨ ਨੂੰ ਤਰਜੀਹ ਦਿੰਦੀ ਹੈ ਅਤੇ ਕਿਧਰੇ 'ਕਮਲਾ' ਉਸੇ ਫਿੱਕੀ ਘਸਮੈਲੀ ਜ਼ਿੰਦਗੀ ਨੂੰ ਜੀਂਦੀ ਹੈ ਅਤੇ ਕਿਧਰੇ 'ਕੱਲੋ' ਇਹੋ ਜਿਹੇ ਰਿਸ਼ਤਿਆਂ ਨੂੰ ਹਿੱਲਦੇ ਦੰਦ ਵਾਂਗ ਬਾਹਰ ਕੱਢ ਮਾਰਦੀ ਹੈ।

ਕੇ.ਐਲ. ਗਰਗ ਨੇ ਆਪਣੇ ਨਾਵਲਾਂ ਵਿਚ ਯਥਾਰਥ ਦੇ ਕੋਝੇ ਪਹਿਲੂਆ ਨੂੰ ਵੀ ਆਪਣੀ ਕਲਮ ਦਾ ਨਿਸ਼ਾਨਾ ਬਣਾਇਆ ਹੈ। ਅਜੋਕੇ ਸਮੇਂ ਚੱਲ ਰਹੀ ਰਾਜਨੀਤਿਕ ਗੁੰਡਾਗਰਦੀ ਅਤੇ ਹਨੇਰਗਰਦੀ ਬਾਰੇ ਲੇਖਕ ਬਹੁਤ ਚੇਤੰਨ ਹੋ ਕੇ ਲਿਖਦਾ ਹੈ। ਮੀਡੀਆ ਅਤੇ ਸਵਾਰਥੀ ਹਿੱਤਾਂ ਵਾਲੀਆ ਰਾਜਨੀਤਿਕ ਪਾਰਟੀਆਂ ਦੇ ਕੋਝੇ ਕਿਰਦਾਰਾਂ ਨੂੰ ਉਸ ਨੇ ਨਾਵਲ 'ਹੁੰਮਸ' ਵਿਚ ਖੂਬ ਉਘਾੜਿਆ ਹੈ। ਕਾਮੇ 'ਗਿਰਝ' ਬੇਕਸੂਰ ਹੁੰਦੇ ਹੋਏ ਵੀ ਕਾਫ਼ੀ ਤਾਦਾਦ ਵਿਚ ਮਾਰੇ ਜਾਂਦੇ ਹਨ। ਪਰ ਫਿਰ ਵੀ ਉਨ੍ਹਾਂ ਦੀਆਂ ਮੰਗਾਂ ਨੂੰ ਦੇਸ਼ ਵਿਰੋਧੀ ਕਾਰਵਾਈ ਐਲਾਨ ਕੇ ਸਿਆਸੀ ਰੰਗਤ ਦੇ ਦਿੱਤੀ ਜਾਂਦੀ ਹੈ। ਸ਼ਹਿਰੀ ਅਖ਼ਬਾਰਾਂ ਇਸ ਖ਼ਬਰ ਨੂੰ ਸਿਆਸੀ ਲਬੇੜ ਵਿਚ ਲਬੇੜ ਕੇ ਇਸ ਤਰ੍ਹਾਂ ਪ੍ਰਸਤੁਤ ਕਰਦੀਆਂ ਹਨ।

> "ਗਿਰਝਾਂ ਦੁਆਰਾ ਅਮਨ ਪਸੰਦ ਤੇ ਭੋਲੇ ਭਾਲੇ ਲੋਕਾਂ ਤੇ ਹਮਲਾ। ਸੈਂਕੜੇ ਆਦਮੀ ਜਖ਼ਮੀ, ਜਿਨ੍ਹਾਂ ਵਿਚ ਕੁਝ ਔਰਤਾਂ ਤੇ ਬੱਚੇ ਵੀ ਸ਼ਾਮਲ ਸੀ। ਗਿਰਝ ਵਿਦੇਸ਼ੀ ਹਥਿਆਰਾਂ ਨਾਲ ਲੈੱਸ, ਕਈਆਂ ਕੋਲ ਆਟੋਮੈਟਿਕ ਹਥਿਆਰ ਵੀ ਸਨ, ਜਿਨ੍ਹਾਂ ਦੀ ਖੁੱਲ੍ਹ ਕੇ ਵਰਤੋਂ ਕੀਤੀ

ਗਈ। ਜਨ ਜੀਵਨ ਠੱਪ ਵਰਗਾ। ਜ਼ਖ਼ਮੀਆਂ ਨੂੰ ਵੱਡੇ ਹਸਪਤਾਲ ਪਹੁੰਚਾਇਆ ਗਿਆ। ਕਈਆ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ। ਉੱਚ ਪੱਧਰੀ ਜਾਂਚ ਦੀ ਮੰਗ।''[4]

ਦਰਅਸਲ ਟਰੇਡ ਯੂਨੀਅਨ ਪੂੰਜੀਵਾਦੀ ਅਰਥਚਾਰੇ ਦੀ ਵਿਸ਼ੇਸ਼ ਬਣਤਰ ਹੈ। ਇਸ ਦੇ ਸ਼ੁਰੂ ਹੋਣ ਦਾ ਮੁੱਖ ਮੰਤਵ ਕਾਰਖਾਨੇਦਾਰਾਂ ਵਿਰੁੱਧ ਸਨਅਤੀ ਕਾਮਿਆਂ ਨੂੰ ਆਪਣੇ ਆਰਥਿਕ ਹਿੱਤਾਂ ਦੀ ਰਾਖੀ ਲਈ ਲਾਮਬੰਦ ਕਰਨਾ ਸੀ। ਪਰੰਤੂ ਬਾਅਦ ਵਿਚ ਇਹ ਜੱਥੇਬੰਦੀਆ ਆਪੋ ਆਪਣੇ ਸਵਾਰਥੀ ਹਿੱਤਾਂ ਲਈ ਬਿਖਰ ਗਈਆਂ। ਲੇਖਕ ਨੇ ਸਮੂਹ ਕਾਮਿਆਂ ਦੀ ਸਮੂਹਕ ਚੇਤਨਾ ਨੂੰ ਸਿਆਸਤ ਉੱਤੇ ਕਾਬਜ਼ ਹੋਣ ਦਾ ਅਤੇ ਆਪਣੇ ਆਰਥਿਕ ਹਿੱਤਾਂ ਲਈ ਇੱਕਜੁੱਟ ਹੋਣ ਦਾ ਸੰਦੇਸ਼ ਇਸ ਰਚਨਾ ਰਾਹੀਂ ਬਾਖੂਬੀ ਦਿੱਤਾ ਹੈ।

ਕੇ.ਐਲ. ਗਰਗ ਨੇ ਆਪਣੀਆਂ ਰਚਨਾਵਾਂ ਵਿਚ ਮਨੁੱਖ ਦੇ ਨਿਰੀ ਮੰਡੀ ਦੀ ਵਸਤੂ ਬਣ ਜਾਣ ਤੇ ਉਸ ਵਿੱਚੋਂ ਸੁਹਜ ਸਵਾਦਾਂ ਦੇ ਮਨਫ਼ੀ ਹੋ ਜਾਣ ਦੇ ਪੱਖ ਨੂੰ ਵੀ ਉਜਾਗਰ ਕੀਤਾ ਹੈ। ਮਾਨਵ ਨਿਰੀ ਮੰਡੀ ਦੀ ਬਾਜ਼ਾਰੂ ਵਸਤੂ ਬਣ ਕੇ ਰਹਿ ਗਿਆ ਹੈ। ਉਸ ਦਾ ਮੁੱਖ ਮੰਤਵ ਆਪਣੀਆਂ ਅਗਲੀਆ ਪੀੜ੍ਹੀਆਂ ਲਈ ਕੁਝ ਨਾ ਕੁਝ ਜੋੜ ਕੇ ਰੱਖਣ ਦਾ ਹੈ। ਇਹ ਅਗਲੀ ਪੀੜ੍ਹੀ ਬਗੈਰ ਕਿਸੇ ਧੰਨਵਾਦ ਦੇ ਉਨ੍ਹਾਂ ਜਮ੍ਹਾਂ ਸਰੋਤਾਂ ਨੂੰ ਐਸ਼ ਵਿਚ ਉਡਾਉਂਦੀ ਹੈ ਅਤੇ ਮੰਡੀਕਰਨ ਦੀ ਪ੍ਰਕ੍ਰਿਆ ਵਿਚ ਜਾ ਪੈਂਦੀ ਹੈ। ਅਜਿਹੇ ਹਾਲਾਤਾਂ ਵਿਚ ਘਰ/ਪਰਿਵਾਰ ਦੀ ਸਭ ਤੋਂ ਪਿਛਲੀ ਪੀੜ੍ਹੀ ਭਾਵ ਬਜ਼ੁਰਗ ਇਕਲਾਪੇ ਦਾ ਦਰਦ ਹੰਢਾਉਂਦੇ ਹਨ। ਇੱਥੇ ਹੀ ਬੱਸ ਨਹੀਂ ਲੇਖਕ ਨੇ ਆਪਣੀਆਂ ਇਨ੍ਹਾਂ ਰਚਨਾਵਾਂ ਵਿਚ ਇਸ ਇਕਲਾਪੇ ਨੂੰ ਕਾਮ ਗੁੰਝਲਾਂ ਅਤੇ ਹੀਣ ਗ੍ਰੰਥੀਆਂ ਵਿਚ ਤਬਦੀਲ ਹੁੰਦੇ ਵੀ ਦਿਖਾਇਆ ਹੈ। ਜਵਾਨੀ ਵਿਚਲੀਆਂ ਕਾਮ ਕਲੋਲਾਂ ਅਤੇ ਖੁਸ਼ੀਆਂ ਦੇ ਖੁੱਸ ਜਾਣ ਨਾਲ ਉਹ ਸਾਧਾਰਨ ਤੋਂ ਅਸਾਧਾਰਨ ਬਿਰਤੀ ਦੇ ਮਾਲਕ ਬਣ ਜਾਂਦੇ ਹਨ। ਲੇਖਕ ਦਾ ਨਾਵਲ 'ਆਖ਼ਰੀ ਪੱਤਾ' ਇਹੋ ਜਿਹੇ ਪਾਤਰਾਂ ਦੀ ਗਾਥਾ ਨੂੰ ਪੇਸ਼ ਕਰਦਾ ਹੈ। ਨਾਵਲ ਦਾ ਪਾਤਰ ਹੁਸ਼ਿਆਰ ਸਿੰਘ ਅਰੋੜਾ ਉਰਫ ਠਰਕੀ ਬਾਬਾ ਪਤਨੀ ਦੀ ਮੌਤ ਤੋਂ ਬਾਅਦ ਕਾਮ ਗੁੰਝਲਾਂ ਦਾ ਸ਼ਿਕਾਰ ਹੋ ਜਾਂਦਾ ਹੈ। ਪਰ ਉਹ ਬਚਿੱਤਰ ਸਿੰਘ ਦੀ ਮਦਦ ਨਾਲ ਪ੍ਰਸਿੰਨੀ ਨਾਲ ਵਿਆਹ ਕਰਵਾ ਕੇ ਆਪਣੇ ਆਪ ਨੂੰ 'ਜੀਉਂਦਿਆਂ 'ਚ' ਕਰ ਲੈਂਦਾ ਹੈ। ਬਚਿੱਤਰ ਸਿੰਘ ਇਸ ਹੀਣ ਗ੍ਰੰਥੀ ਕਾਰਨ ਭਗਵੇਂ ਕੱਪੜੇ ਪਾ ਕੇ ਆਪਣੀ ਸੁਰਤ ਨੂੰ ਕਿਧਰੇ ਹੋਰ ਸਮੇਟ ਲੈਂਦਾ ਹੈ। ਪਰ ਫਿਰ ਵੀ 'ਖੁਦਕੁਸ਼ੀ' ਕਰਨ ਦਾ ਖਿਆਲ ਉਸ ਦੇ ਮਨ ਵਿਚ ਆਉਂਦਾ ਜਾਂਦਾ ਰਹਿੰਦਾ ਹੈ। ਲੇਖਕ ਨੇ ਔਰਤ ਅਤੇ ਮਰਦ ਦੇ ਕੁਦਰਤੀ ਸਾਥ ਅਤੇ ਦੋਹਾਂ ਧਿਰਾਂ ਦੀ ਸਮਾਨ ਬਰਾਬਰੀ ਨੂੰ ਇਸ ਨਾਵਲ ਦਾ ਕੇਂਦਰੀ ਧੁਰਾ ਬਣਾਇਆ ਹੈ। ਸਮਾਜਿਕ ਬਰਾਬਰੀ ਦਾ ਇਹ ਸੁਰਤ ਉਸ ਨੂੰ ਸਮਾਜ

ਵਿੱਚੋਂ ਗਾਬਿ ਹੁੰਦਾ ਦਿਖਾਈ ਦਿੰਦਾ ਹੈ। ਜਿਸ ਕਰਕੇ ਉਹ ਨਾਵਲ 'ਹੁੰਮਸ' ਅਤੇ 'ਦਰਅਸਲ' ਵਿਚ ਇਹ ਕੇਂਦਰੀ ਨੁਕਤਾ ਉਭਾਰਦਾ ਹੈ। 'ਹੁੰਮਸ' ਨਾਵਲ ਦੇ ਗਿਰਝ ਦਮਿਤ ਅਤੇ ਦਲਿਤ ਲੋਕ ਹਨ। ਜਿਨ੍ਹਾਂ ਕੋਲੋਂ ਉੱਚ ਵਰਗ ਇਹ ਤਵੱਕੋ ਰੱਖਦਾ ਹੈ ਕਿ ਇਹ ਸਮਾਜ ਦਾ ਗੰਦ ਹੂੰਝੀ ਵੀ ਜਾਣ ਅਤੇ ਆਪਣੇ ਹੱਕਾਂ ਪ੍ਰਤੀ ਵੀ ਅੱਖਾਂ ਮੀਚ ਕੇ ਬੈਠ ਜਾਣ। 'ਧਰਮਰਾਜ' ਦੀ ਥਾਂ 'ਇੰਦਰ ਲੋਕ' ਤੋਂ ਹੀ ਜਾਂਚ ਪੜਤਾਲ ਕਰਵਾ ਕੇ ਹੀ ਖੁਸ਼ ਹੋ ਜਾਣ ਵਾਲੇ ਅਤੇ ਉਨ੍ਹਾਂ ਦੀਆਂ ਕੂਟਨੀਤੀਆਂ ਨੂੰ ਨਾ ਸਮਝ ਸਕਣ ਵਾਲੇ ਇਹ ਗਿਰਝ ਸਮਾਜਿਕ ਤੌਰ 'ਤੇ ਹਾਸ਼ੀਆਗਤ ਕੀਤੇ ਵਰਗ ਸਮੂਹਾਂ ਦੇ ਹੀ ਪ੍ਰਤੀਕ ਹਨ। 'ਦਰਅਸਲ' ਨਾਵਲ ਵਿਚ ਵੀ ਜਗੀਰਦਾਰੀ ਵਿਆਹ ਪ੍ਰਣਾਲੀ ਅਤੇ ਜੱਟਵਾਦ ਨੂੰ ਸਵਾਲਾਂ ਦੇ ਘੇਰੇ ਵਿਚ ਰੱਖਿਆ ਗਿਆ ਹੈ। ਬਲਬੀਰ ਸਿੰਘ ਲਿਖਤ ਵਿਚ ਤਾਂ ਅੰਤਰ ਜਾਤੀ ਵਿਆਹ ਕਰਵਾਉਣ ਦੀ ਖੁੱਲ੍ਹ ਦੇ ਦਿੰਦਾ ਹੇ ਪਰ ਅਸਲ ਜ਼ਿੰਦਗੀ ਉਸ ਦੀ ਲਿਖਤ ਦੇ ਉਲਟੇ ਪਾਸੇ ਤੇ ਆਧਾਰਿਤ ਹੁੰਦੀ ਹੈ। ਜਗੀਰਦਾਰੀ ਪ੍ਰਥਾ ਵਿਚ ਬੱਝੀ ਹੋਈ ਹੋਣ ਕਰਕੇ ਹੀ ਭਜਨੋ ਰਾਣੋ ਨੂੰ ਬਚਾਉਣ ਲਈ ਵੀ ਨਹੀਂ ਬਹੁੜਦੀ ਹਾਲਾਂਕਿ ਉਸ ਨੂੰ ਆਪਣੀ ਧੀ ਦੀਆਂ ਦਿਲ ਚੀਰਵੀਆਂ ਚੀਕਾਂ ਸੁਣਾਈ ਦਿੰਦੀਆਂ ਹਨ। ਕਿਉਂਕਿ ਉਸ ਦੀ ਮਮਤਾ ਵਾਲਾ ਪੱਲੜਾ ਜਗੀਰਦਾਰੀ ਪ੍ਰਬੰਧ ਅਤੇ ਜੱਟਵਾਦ ਦੇ ਪੱਲੜੇ ਸਾਹਮਣੇ ਹਲਕਾ ਪੈ ਜਾਂਦਾ ਹੈ। ਇਸੇ ਨਾਵਲ ਵਿਚ ਲੇਖਕ ਨੇ ਲਿਖਾਰੀ ਵਰਗ ਦੀ ਕਥਨੀ ਅਤੇ ਕਿਰਨੀ ਇੱਕ ਹੋਣ ਉੱਪਰ ਵੀ ਸਵਾਲੀਆ ਚਿੰਨ੍ਹ ਲਗਾਇਆ ਹੈ। ਲੇਖਕ ਇਹ ਦਰਸਾਉਣਾ ਚਾਹੁੰਦਾ ਹੈ ਕਿ ਲੇਖਕ ਸਮਾਜ ਦਾ ਚਿਤੇਰਾ ਹੁੰਦਾ ਹੈ, ਮਾਰਗਦਰਸ਼ਕ ਅਤੇ ਸ਼ੀਸ਼ਾ ਹੁੰਦਾ ਹੈ। ਉਸ ਦੀ ਕਥਨੀ ਅਤੇ ਕਰਨੀ ਇਕੋ ਜਿਹੀ ਹੋਣੀ ਚਾਹੀਦੀ ਹੈ ਤਾਂ ਕਿ ਇੱਕ ਚੰਗੇ ਸਮਾਜ ਦਾ ਨਿਰਮਾਣ ਹੋ ਸਕੇ।

ਕੇ.ਐਲ. ਗਰਗ ਨੇ ਕਿਉਂਕਿ ਵਿਅੰਗ ਵਰਗੀ ਸਾਹਿਤਕ ਸਿਨਫ਼ ਵਿਚ ਵੀ ਕਲਮ ਅਜ਼ਮਾਈ ਕੀਤੀ ਹੋਈ ਹੈ। ਇਸ ਲਈ ਇੱਥੇ ਵੀ ਉਸ ਦਾ ਸਿੱਧਾ ਅਸਿੱਧਾ ਅਸਰ ਜ਼ਰੂਰ ਵੇਖਣ ਨੂੰ ਮਿਲਦਾ ਹੈ। 'ਤਮਾਸ਼ਾ' ਨਾਵਲ ਵਿਚ ਜਿਸ ਤਰ੍ਹਾਂ ਗਊ ਹੱਤਿਆ ਨੂੰ ਲੈ ਕੇ ਸਵਾਰਥੀ ਬਖੇੜੇ ਖੜ੍ਹੇ ਕੀਤੇ ਜਾਂਦੇ ਹਨ ਉਹ ਲੇਖਕ ਦੀ ਵਿਅੰਗ ਕਲਾ ਦਾ ਪ੍ਰਗਟਾਵਾ ਕਰਦੇ ਹਨ। ਲੇਖਕ ਦੀ ਵਿਅੰਗ ਕਲਾ ਦੀ ਇਹ ਸਿਫ਼ਤ ਜ਼ਰੂਰ ਹੈ ਕਿ ਉਸ ਨੇ ਇੰਨੇ ਗੰਭੀਰ ਵਿਸ਼ੇ ਨੂੰ ਵੀ ਹਲਕੇ ਫੁਲਕੇ ਵਿਚ ਸਮੇਟ ਲਿਆ ਪਰ ਕਿਤੇ ਵੀ ਵਿਸ਼ੇ ਦੀ ਗੰਭੀਰਤਾ ਤੇ ਸਵਾਲੀਆ ਚਿੰਨ੍ਹ ਖੜ੍ਹਾ ਨਹੀਂ ਹੋਣ ਦਿੱਤਾ। ਰਾਜਨੀਤੀ ਵਿਚ ਚੱਲਦੇ ਘਪਲਿਆਂ ਨੂੰ ਉਸ ਨੇ ਸਿੱਧਰੇ ਜੈਬੇ ਦੇ ਮੂੰਹੋਂ ਅਖਵਾ ਕੇ ਇਸ ਪ੍ਰਕਾਰ ਪ੍ਰਗਟ ਕੀਤਾ ਹੈ–

> "ਬੀਬੀ ਪਿੰਡ ਦੇ ਲਾਲ ਝੰਡੇ ਆਲੇ ਕਹਿੰਦੇ ਨੀ ਬਈ ਸਰਪੰਚ
> ਵਧੀਆ ਇੱਟਾਂ ਖਾ ਗਿਆ। ਬੀਹੀ 'ਚ ਪਿੱਲੀਆਂ ਲਾਤੀਆਂ। ਸਾਥੋਂ
> ਤਾਂ ਰੋਟੀ ਮਸਾਂ ਖਾਧੀ ਜਾਂਦੀ ਐ, ਸਰਪੰਚ ਇੱਟਾਂ ਖਾ ਗਿਆ। ਬੀਬੀ

ਖਾ ਲੈਂਦੇ ਆ ਇੱਟਾਂ ਅੱਜ ਕੱਲ੍ਹ ਲੋਕ? ਇਹ ਤਾਂ ਫਿਰ ਕਮਾਲ ਦੀ ਹੋਗੀ।"[5]

ਸਿੱਧਰੇ ਜੈਬੇ ਦੇ ਮੂੰਹੋਂ ਇਹੋ ਜਿਹੀ ਗੱਲ ਅਖਵਾਉਣੀ ਲੇਖਕ ਦੀ ਕਲਾ ਕਿਰਤ ਅਤੇ ਉਸ ਦੀ ਚਿੰਤਨ ਸ਼ਕਤੀ ਦੀ ਤੀਖਣਤਾ ਨੂੰ ਪ੍ਰਗਟ ਕਰਦੀ ਹੈ।

ਭਾਸ਼ਾ ਅਤੇ ਸ਼ੈਲੀ ਬਾਰੇ ਵਿਚਾਰ ਕਰਦੇ ਹੋਏ ਕੇ.ਐਲ. ਗਰਗ ਦੇ ਬਹੁਤੇ ਨਾਵਲ ਤੇ ਠੇਠ ਪੰਜਾਬੀ ਬੋਲਦੇ ਹਨ। ਸਰਲ ਸਪਾਟ ਭਾਸ਼ਾ ਰਚਿਤ ਕਿਰਦਾਰ ਇਹ ਨਾਵਲ ਆਪਣੀ ਇਸ ਭਾਸ਼ਕ ਵਿਸ਼ੇਸ਼ਤਾ ਕਰਕੇ ਵੀ ਲੋਕਪ੍ਰਿਯ ਹੋਏ ਹਨ।

ਜੇਕਰ ਉਸ ਦੇ ਨਾਵਲਾਂ ਦੇ ਸਿਰਲੇਖਾਂ ਨੂੰ ਬਾਚੀਏ ਤਾਂ ਉਹਦੇ ਸਿਰਲੇਖ ਪੂਰੇ ਬਿਰਤਾਂਤ ਦਾ ਨਬੇੜਾ ਕਰ ਦਿੰਦੇ ਹਨ। 'ਹੁੰਮਸ' ਅਜੋਕੀ ਉਸ ਹੁੰਮਸ ਅਤੇ ਦਮ ਘੋਟੂ ਮਾਹੌਲ ਨੂੰ ਪ੍ਰਗਟ ਕਰਦਾ ਹੈ ਜਿਸ ਵਿਚ ਆਮ ਬੰਦੇ ਦਾ ਜਿਉਣਾ ਦੁੱਭਰ ਹੋ ਰਿਹਾ ਹੈ। 'ਆਖ਼ਰੀ ਪੱਤਾ' ਬੁਢਾਪੇ ਦੀ ਕਗਾਰ ਤੇ ਪਹੁੰਚੇ 'ਕੰਧੀ ਉੱਤੇ ਰੁੱਖੜੇ' ਦੇ ਲਟਕ ਰਹੇ ਪੱਤੇ ਭਾਵ ਬਜ਼ੁਰਗ ਅਤੇ ਉਨ੍ਹਾਂ ਦੀਆਂ ਅਧਮੋਈਆਂ ਖਾਹਿਸ਼ਾਂ ਨੂੰ ਚਿਤਵਦਾ ਹੈ। 'ਤਾਲਾਸ਼' ਵਿਚਲੇ ਨਾਇਕ ਅਤੇ ਨਾਇਕਾ ਦੋਵੇਂ ਕਿਸੇ ਭਾਲ ਵਿਚ ਹਨ। ਇਸ ਨਾਵਲ ਦਾ ਹਰ ਕਿਰਦਾਰ ਕਿਸੇ ਨਾ ਕਿਸੇ ਤਾਲਾਸ਼ ਵਿਚ ਹੈ। 'ਤਮਾਸ਼ਾ', 'ਦੇਖਣਿ ਆਇਓ ਜਗਤ ਤਮਾਸ਼ਾ' ਵਾਂਗ ਸੰਸਾਰਕ ਮੂਕ ਤਮਾਸ਼ੇ ਨੂੰ ਬਿਆਨ ਕਰਦਾ ਹੈ। 'ਹਿੱਲਦੇ ਦੰਦ' ਹਿੱਲਦੇ ਤੇ ਦਰਦ ਦਿੰਦੇ ਰਿਸ਼ਤਿਆਂ ਦੀ ਕੜਵਾਹਟ ਦਾ ਪ੍ਰਤੀਕ ਹੈ। 'ਧਾਰਾਂ ਵਾਲਾ ਪੁਲ' ਨਦੀ ਦੀਆਂ ਉਨ੍ਹਾਂ ਧਾਰਾਂ ਦੀ ਨਿਸ਼ਾਨਦੇਹੀ ਕਰਦਾ ਹੈ ਜਿਹੜੀਆਂ ਆਪ ਪਿੱਛੇ ਰਹਿ ਕੇ ਤੈਰਨ ਵਾਲੇ ਨੂੰ ਕੰਢੇ ਤੇ ਲਗਾ ਦਿੰਦੀਆਂ ਹਨ। 'ਦਰਅਸਲ' ਪ੍ਰਤੱਖ ਅਤੇ ਅਪ੍ਰਤੱਖ ਦੀਆਂ ਵਿਰਲਾਂ ਵਿੱਚੋਂ ਅਸਲ ਨੂੰ ਨੇੜਿਓਂ ਤੱਕਣ ਦਾ ਸੰਕੇਤ ਕਰਦਾ ਸਿਰਲੇਖ ਹੈ।

ਕੁਲ ਮਿਲਾ ਕੇ ਉਪਰੋਕਤ ਚਰਚਾ ਦੇ ਆਧਾਰ ਤੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਕੇ.ਐਲ. ਗਰਗ ਨੇ ਆਪਣੇ ਨਾਵਲਾਂ ਵਿਚ ਸਮਾਜਿਕ ਤ੍ਰਾਸਦੀਆਂ, ਪਿੰਡੇ ਉੱਤੇ ਨਿੱਤ ਹੰਢਾਉਂਦੇ ਸੰਤਾਪਾਂ, ਦੁੱਖਾਂ, ਮਾਨਸਿਕ ਦਵੰਦਾਂ, ਕਲੇਸ਼ਾਂ ਅਤੇ ਮਨੋਗੰਢਾਂ ਨੂੰ ਪੇਸ਼ ਕੀਤਾ ਹੈ। ਉਸ ਦੇ ਨਾਵਲ ਯਥਾਰਥ ਦਾ ਕੋਝਾ ਸਰੂਪ ਪੇਸ਼ ਕਰਦੇ ਹੋਏ ਸਮੱਸਿਆ ਨੂੰ ਵਿੱਚ ਵਿਚਾਲੇ ਨਹੀਂ ਛੱਡਦੇ ਬਲਕਿ ਅੰਤ ਤੇ ਕੋਈ ਨਾ ਕੋਈ ਸਮਾਧਾਨ ਜ਼ਰੂਰ ਦਿੰਦੇ ਹਨ। ਸਮੁੱਚੇ ਰੂਪ ਵਿਚ ਕੇ.ਐਲ. ਗਰਗ ਦੀ ਵਾਰਤਕ ਕਲਾ ਸਾਡੇ ਸਮਾਜਿਕ- ਸੱਭਿਆਚਾਰਕ ਰੂਪਾਂਤਰਣ ਦੇ ਯਥਾਰਥ ਨੂੰ ਕਲੇਵੇ ਵਿਚ ਲੈਂਦੀ ਹੋਈ ਇਕ ਅਜਿਹਾ ਸਮਾਜਿਕ ਢਾਂਚਾ ਤਿਆਰ ਕਰਨ ਲਈ ਵੱਚਨਬੱਧ ਹੈ ਜੋ ਸਮਾਜ, ਸੱਭਿਆਚਾਰ ਅਤੇ

ਸਾਹਿਤ ਲਈ ਬਹੁਤ ਮੁੱਲਵਾਨ ਹੋ ਨਿਬੜੇਗਾ। ਮੈਂ ਆਪਣੇ ਖੋਜ ਵਿਸ਼ੇ ਦੀ ਸੀਮਾ ਵਿਚ ਰਹਿ ਕੇ ਵਿਵੇਚਨ ਕੀਤਾ ਹੈ। ਵਿਸਤ੍ਰਿਤ ਅਧਿਐਨ ਕਰਨ ਉਪਰੰਤ ਇਸ ਵਾਰਤਕ ਕਲਾ ਦੀਆਂ ਹੋਰ ਮਹੀਨ ਤੈਹਾਂ ਖੁੱਲ੍ਹਣ ਦੀ ਪੂਰਨ ਸੰਭਾਵਨਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਸੁਰਜੀਤ ਬਰਾੜ (ਡਾ.), 'ਸਵੈ ਸੰਵਾਦ- ਮੇਰੀ ਨਾਵਲ ਨਿਗਾਰੀ', ਕੇ.ਐਲ. ਗਰਗ ਦੇ ਨਾਵਲੀ ਸਰੋਕਾਰ ਅਤੇ ਪ੍ਰਵਚਨ, ਚੇਤਨਾ ਪ੍ਰਕਾਸ਼ਨ, 2016, ਪੰਨਾ 22
2. ਕੇ.ਐਲ. ਗਰਗ, 'ਹੁੰਮਸ', ਚੇਤਨਾ ਪ੍ਰਕਾਸ਼ਨ, 2012, ਪੰਨਾ 15
3. ਕੇ.ਐਲ. ਗਰਗ, 'ਹਿੱਲਦੇ ਦੰਦ', ਚੇਤਨਾ ਪ੍ਰਕਾਸ਼ਨ, 2014, ਪੰਨਾ 28
4. ਕੇ.ਐਲ. ਗਰਗ, 'ਹੁੰਮਸ', ਚੇਤਨਾ ਪ੍ਰਕਾਸ਼ਨ, 2012, ਪੰਨਾ 24
5. ਕੇ.ਐਲ. ਗਰਗ, 'ਹਿੱਲਦੇ ਦੰਦ', ਚੇਤਨਾ ਪ੍ਰਕਾਸ਼ਨ, 2014, ਪੰਨਾ 09